**20210804 – ਸਰੂਪ 1D1**

# ਮੁਲਾਕਾਤ ਜਾਣਕਾਰੀ ਪਰਚਾ
# 9 ਅਗਸਤ 2021 ਤੋਂ

---

### ਸੁਆਗਤ ਹੈ

ਅਸੀਂ ਇਹ ਦੱਸ ਕੇ ਖੁਸ਼ ਹਾਂ ਕਿ **ਸੋਮਵਾਰ 9 ਅਗਸਤ 2021** ਤੋਂ ਹੇਠਾਂ ਲਿਖੇ ਨਾਲ ਮਰੀਜ਼ਾਂ ਦੀ ਸਹਾਇਤਾ ਲਈ ਪੂਰੇ **NHSGGC** ਵਿੱਚ ਹਸਪਤਾਲ ਦੀਆਂ ਮੁਲਾਕਾਤਾਂ ਦੇ ਇੰਤਜ਼ਾਮ ਬਦਲ ਜਾਣਗੇ:

- ਉਹਨਾਂ ਲੋਕਾਂ ਵੱਲੋਂ ਹਸਪਤਾਲ ਵਿੱਚ ਸਹਾਇਤਾ ਲਈ ਜੋ ਉਹਨਾਂ ਲਈ ਮਹੱਤਵਪੂਰਣ ਹਨ। ਇਸਦੇ ਹੁਣ ਉਹੀ ਦੋ ਲੋਕਾਂ ਦੇ ਆਉਣ ਤੱਕ ਸੀਮਤ ਰਹਿਣ ਦੀ ਜ਼ਰੂਰਤ ਨਹੀਂ ਹੈ; ਪਰੰਤੂ, ਹੋ ਸਕਦਾ ਹੈ ਸਾਨੂੰ ਕਦੀ-ਕਦਾਈਂ ਉਨ੍ਹਾਂ ਪਰਿਵਾਰਕ ਮੈਂਬਰਾਂ ਦੀ ਗਿਣਤੀ ਨੂੰ ਸੀਮਤ ਕਰਨ ਦੀ ਜ਼ਰੂਰਤ ਹੋਵੇ ਸਕਦੀ ਹੈ ਜੋ ਕਿਸੇ ਵੀ ਸਮੇਂ ਵਿੱਚ ਮੁਲਾਕਾਤ ਕਰ ਸਕਦੇ ਹਨ, ਤਾਂ ਜੋ ਸਰੀਰਕ ਦੂਰੀ ਦੇ ਨਿਯਮਾਂ ਦੀ ਪਾਲਣਾ ਕੀਤੀ ਜਾ ਸਕੇ।
- ਮਰੀਜ਼ ਅਤੇ ਪਰਿਵਾਰ ਨਾਲ ਇਸ ਬਾਰੇ ਵਿਚਾਰ ਵਟਾਂਦਰੇ ਲਈ ਗੱਲਬਾਤ ਦਾਖਲੇ ਦੇ ਦੌਰਾਨ ਅਤੇ ਹਸਪਤਾਲ ਵਿੱਚ ਰਹਿਣ ਦੇ ਪੂਰੇ ਸਮੇਂ ਦੌਰਾਨ ਹੋਵੇਗੀ ਕਿ ਉਹ ਕੀ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਕੌਣ ਮਿਲਣ ਆਵੇ ਅਤੇ ਕਦੋਂ।
- ਉਨ੍ਹਾਂ ਸਮਿਆਂ ਦੌਰਾਨ ਪਰਿਵਾਰਿਕ ਸਹਾਇਤਾ ਲਈ ਜਦੋਂ ਮਰੀਜ਼ ਉਨ੍ਹਾਂ ਲੋਕਾਂ ਦੀ ਮੌਜੂਦਗੀ, ਸਹਾਇਤਾ ਅਤੇ ਸਮਰਥਨ ਦੀ ਇੱਛਾ ਰੱਖਦੇ ਹਨ ਜੋ ਉਨ੍ਹਾਂ ਲਈ ਮਹੱਤਵਪੂਰਣ ਹਨ। ਉਦਾਹਰਣ ਵਜੋਂ ਭੋਜਨ ਦੇ ਸਮੇਂ, ਮੁੜ ਵਸੇਬੇ ਦੇ ਸੈਸ਼ਨਾਂ ਦੌਰਾਨ, ਹਸਪਤਾਲ ਤੋਂ ਛੁੱਟੀ ਦੇਣ ਦੀ ਯੋਜਨਾਬੰਦੀ ਅਤੇ ਬਹੁ-ਅਨੁਸ਼ਾਸਨੀ ਟੀਮ ਦੀ ਗੱਲਬਾਤ ਦੇ ਦੌਰਾਨ।

ਜਦੋਂ ਤੱਕ ਕੋਵਿਡ -19 ਅਜੇ ਵੀ ਸਾਡੇ ਨਾਲ ਹੈ, ਮਰੀਜ਼ਾਂ, ਸਹਾਇਤਾ ਪ੍ਰਦਾਨ ਕਰ ਰਹੇ ਪਰਿਵਾਰ ਅਤੇ ਸਟਾਫ ਦੀ ਸੁਰੱਖਿਆ ਕਾਇਮ ਰਖਣ ਲਈ, ਮੁਲਾਕਾਤਾਂ ਨੂੰ ਧਿਆਨ ਨਾਲ ਪ੍ਰਬੰਧਿਤ ਕੀਤਾ ਜਾਣਾ ਅਤੇ ਕਿਸੇ ਵੀ ਇੱਕ ਸਮੇਂ ਵਿੱਚ ਆਉਣ ਵਾਲੇ ਲੋਕਾਂ ਦੀ ਸੰਖਿਆ ਨੂੰ ਸੀਮਤ ਕਰਨਾ ਜਾਰੀ ਰੱਖਣ ਦੀ ਲੋੜ ਹੈ। ਜੇ ਤੁਸੀਂ ਇਨ੍ਹਾਂ ਹਸਪਤਾਲਾਂ ਵਿੱਚ ਕਿਸੇ ਵਿੱਚ ਵੀ ਆਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਪਹਿਲਾਂ ਤੋਂ ਇੱਕ ਮੁਲਾਕਾਤ ਦਾ ਪ੍ਰਬੰਧ ਕਰਨ ਲਈ ਵਾਰਡ ਨਾਲ ਸੰਪਰਕ ਕਰੋ, ਤਾਂ ਜੋ ਇਸ ਲਈ ਅਸੀਂ ਨਿਸ਼ਚਤ ਕਰ ਸਕਦੇ ਹਾਂ ਕਿ ਸਾਡੇ ਵਾਰਡ ਅਤੇ ਹਸਪਤਾਲ ਦੀਆਂ ਥਾਵਾਂ 'ਤੇ ਭੀੜ ਨਾ ਹੋਵੇ ਅਤੇ ਹਰੇਕ ਨੂੰ ਸਰੀਰਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਆਗਿਆ ਦੇਵੇ। ਸਾਰੇ ਵਾਰਡਾਂ ਅਤੇ ਵਿਭਾਗਾਂ ਲਈ ਟੈਲੀਫੋਨ ਨੰਬਰਾਂ ਦੀ ਸੂਚੀ NHSGGC ਵੈਬਸਾਈਟ 'ਤੇ ਲੱਭੀ ਜਾ ਸਕਦੀ ਹੈ

ਅਸੀਂ ਹਸਪਤਾਲ ਵਿੱਚ ਪਰਿਵਾਰ ਅਤੇ ਦੋਸਤਾਂ ਵੱਲੋਂ ਸਮਰਥਨ ਦਾ ਸੁਆਗਤ ਕਰਦੇ ਹਾਂ; ਅਸੀਂ ਜਾਣਦੇ ਹਾਂ ਕਿ ਇਹ ਪੋਸ਼ਣ, ਇਲਾਜ, ਠੀਕ ਹੋਣ ਅਤੇ ਦੇਖਭਾਲ ਦੀ ਸਮੁੱਚੀ ਗੁਣਵੱਤਾ ਦੇ ਨਾਲ-ਨਾਲ, ਮਰੀਜ਼ਾਂ ਲਈ ਇੱਕ ਮਹੱਤਵਪੂਰਣ ਸਹਾਇਤਾ ਹੈ।

### ਕੌਣ ਮੁਲਾਕਾਤ ਕਰਣ ਆ ਸਕਦਾ ਹੈ?

ਸੋਮਵਾਰ 9 ਅਗਸਤ 2021 ਤੋਂ, ਸਾਰੇ ਮਰੀਜ਼ (ਜਿਥੇ ਸੰਭਵ ਹੈ) ਹਰ ਰੋਜ਼ ਆਪਣੀ ਪਸੰਦ ਦੇ ਦੋ ਕਿਸੇ ਵੀ ਵਿਅਕਤੀਆਂ ਵੱਲੋਂ ਸਮਰਥਨ ਤੋਂ ਲਾਭ ਪ੍ਰਾਪਤ ਕਰਣ ਯੋਗ ਹੋਣਗੇ- ਇਸਦਾ ਹੁਣ ਉਹੀ ਦੋ ਵਿਅਕਤੀਆਂ ਦੇ ਮੁਲਾਕਾਤ ਕਰਣ ਆਉਣ ਤੱਕ ਸੀਮਿਤ ਹੋਣ ਦੀ ਕੋਈ ਜਰੂਰਤ ਨਹੀਂ ਹੈ।

ਮਰੀਜਾਂ, ਪਰਿਵਾਰ ਅਤੇ ਸਟਾਫ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮੁਲਾਕਾਤਾਂ ਜਿੰਨਾ ਸੰਭਵ ਹੋ ਸਕੇ ਲਚਕਦਾਰ ਢੰਗ ਨਾਲ ਪ੍ਰਬੰਧਿਤ ਕੀਤੀਆਂ ਜਾਣਗੀਆਂ।

ਅਜਿਹੀਆਂ ਸਥਿਤੀਆਂ ਹੋ ਸਕਦੀਆਂ ਹਨ ਜਦੋਂ ਸਟਾਫ਼ ਤੁਹਾਨੂੰ ਅਸਥਾਈ ਤੌਰ 'ਤੇ ਵਾਰਡ ਤੋਂ ਬਾਹਰ ਜਾਣ ਲਈ ਜਾਂ ਤੁਹਾਡੀ ਮੁਲਾਕਾਤ ਦੌਰਾਨ ਵਾਰਡ ਤੋਂ ਜਾਣ ਲਈ ਕਹਿ ਸਕਦੇ ਹਨ। ਅਸੀਂ ਇਸ ਬਾਰੇ ਹਮੇਸ਼ਾਂ ਸਮਝਾਵਾਂਗੇ ਜਦੋਂ ਇਹ ਜ਼ਰੂਰੀ ਹੈ। ਹਰ ਕਿਸੇ ਦੀ ਸੁਰੱਖਿਆ ਅਤੇ ਗੁਪਤਤਾ ਨੂੰ ਯਕੀਨੀ ਬਣਾਉਣ ਲਈ ਜਦੋਂ ਇਸਦੀ ਜ਼ਰੂਰਤ ਹੁੰਦੀ ਹੈ ਤਾਂ ਤੁਹਾਡੀ ਸਹਾਇਤਾ ਅਤੇ ਸਮਝ ਦੀ ਸ਼ਲਾਘਾ ਕੀਤੀ ਜਾਂਦੀ ਹੈ।

## ਮੈਂ ਮੁਲਾਕਾਤ ਦਾ ਪ੍ਰਬੰਧ ਕਿਵੇਂ ਕਰਾਂ?

ਜੇ ਤੁਹਾਨੂੰ ਮੁਲਾਕਾਤ ਕਰਨ ਲਈ ਆਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਮੁਲਾਕਾਤ ਦਾ ਪਹਿਲਾਂ ਤੋਂ ਪ੍ਰਬੰਧ ਕਰਨ ਲਈ ਵਾਰਡ ਨਾਲ ਸੰਪਰਕ ਕਰੋ।

ਇਹ ਮਹੱਤਵਪੂਰਨ ਹੈ ਕਿ ਅਸੀਂ ਕਿਸੇ ਇੱਕ ਸਮੇਂ ਵਿੱਚ ਵਾਰਡ ਵਿੱਚ ਮੌਜੂਦ ਲੋਕਾਂ ਦੀ ਗਿਣਤੀ ਨੂੰ ਸੀਮਤ ਕਰਨਾ ਜਾਰੀ ਰੱਖੀਏ। ਇਸ ਦੇ ਪ੍ਰਬੰਧਨ ਵਿੱਚ ਸਹਾਇਤਾ ਲਈ ਕਿਸੇ ਵੀ ਸਮੇਂ ਇੱਕ ਕਮਰੇ ਵਿੱਚ ਵੱਧ ਤੋਂ ਵੱਧ ਕਿੰਨੀ ਗਿਣਤੀ ਵਿੱਚ ਲੋਕਾਂ ਦੇ ਜਾਣ ਦੀ ਆਗਿਆ ਹੈ ਤਾਂਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਅਸੀਂ ਸਾਰੇ ਸਰੀਰਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰ ਸਕਦੇ ਹਾਂ।

ਸਾਰੇ ਵਾਰਡਾਂ ਅਤੇ ਵਿਭਾਗਾਂ ਲਈ ਟੈਲੀਫੋਨ ਨੰਬਰਾਂ ਦੀ ਇੱਕ ਸੂਚੀ ਐਨਐਚਐਸਜੀਜੀਸੀ (NHSGGC) ਦੀ ਵੈਬਸਾਈਟ ‘ਤੇ ਲੱਭੀ ਜਾ ਸਕਦੀ ਹੈ ਜਾਂ ਵਿਕਲਪਿਕ ਰੂਪ ਵਿੱਚ ਹਸਪਤਾਲ ਦੇ ਸਵਿੱਚਬੋਰਡ ਨਾਲ ਸੰਪਰਕ ਕਰੋ।

## ਕੀ ਹੋਰ ਲੋਕ ਮੇਰੇ ਨਾਲ ਮੁਲਾਕਾਤ ਕਰਨ ਆ ਸਕਦੇ ਹਨ?

ਅਸੀਂ ਸਮਝਦੇ ਹਾਂ ਕਿ ਕੁਝ ਮਾਮਲਿਆਂ ਵਿੱਚ, ਪਰਿਵਾਰ ਦੇ ਜਿਸ ਮੈਂਬਰ ਨੂੰ ਮਿਲਣ ਲਈ ਚੁਣਿਆ ਗਿਆ ਹੈ ਉਸਨੂੰ ਕਿਸੇ ਹੋਰ ਵਿਅਕਤੀ ਦੇ ਨਾਲ ਆਉਣ ਦੀ ਜ਼ਰੂਰਤ ਹੋ ਸਕਦੀ ਹੈ, ਉਦਾਹਰਣ ਵਜੋਂ ਇੱਕ ਬੱਚਾ ਜੋ ਆਪਣੇ ਮਾਪਿਆਂ ਜਾਂ ਭੈਣ-ਭਰਾ ਨੂੰ ਮਿਲਣ ਜਾ ਰਿਹਾ ਹੈ, ਜਾਂ ਇੱਕ ਕਮਜ਼ੋਰ ਬਜ਼ੁਰਗ ਵਿਅਕਤੀ ਜੋ ਆਪ ਸੁਤੰਤਰ ਤੌਰ ‘ਤੇ ਹਸਪਤਾਲ ਨਹੀਂ ਜਾ ਸਕਦਾ। ਇਸ ਅਤਿਰਿਕਤ ਵਿਅਕਤੀ ਦੀ ਮੌਜੂਦਗੀ ਦੀ ਸੁਵਿਧਾ ਪ੍ਰਦਾਨ ਕੀਤੀ ਜਾਏਗੀ - ਵਾਰਡ ਦਾ ਅਮਲਾ ਇਹ ਦੱਸੇਗਾ ਕਿ ਇਸ ਲਈ ਸਹਾਇਤਾ ਕਿਵੇਂ ਕੀਤੀ ਜਾਏਗੀ।

## ਮੈਂ ਕਿਉਂ ਮੁਲਾਕਾਤ ਕਰਨ ਯੋਗ ਨਹੀਂ ਹੋ ਸਕਦਾ?

ਕੋਵਿਡ-19 ਅਜੇ ਵੀ ਸਾਡੇ ਨਾਲ ਹੈ ਅਤੇ ਆਸਾਨੀ ਨਾਲ ਪ੍ਰਸਾਰਿਤ ਹੋ ਸਕਦਾ ਹੈ। ਜੋਖਮਾਂ ਨੂੰ ਘਟਾਉਣ ਲਈ ਲਾਗ ਦੀ ਰੋਕਥਾਮ ਵੱਲ ਧਿਆਨ ਰੱਖਣ ਅਤੇ ਪਰਿਵਾਰਕ ਸਹਾਇਤਾ ਦੇ ਆਲੇ-ਦੁਆਲੇ ਨਿਯੰਤਰਣ ਉਪਾਵਾਂ ਨੂੰ ਅਜੇ ਵੀ ਬਰਕਰਾਰ ਰੱਖਣ ਦੀ ਜ਼ਰੂਰਤ ਹੈ।

ਸਾਡੇ ਹਸਪਤਾਲ ਦੇ ਵਾਰਡਾਂ ਵਿੱਚ ਬਹੁਤ ਸਾਰੇ ਕਮਜ਼ੋਰ ਮਰੀਜ਼ ਹਨ ਅਤੇ ਵਿਸ਼ੇਸ਼ ਰੂਪ ਤੋਂ, ਬਿਮਾਰੀ ਦੀਆਂ ਕੁਝ ਕਿਸਮਾਂ ਅਤੇ ਇਲਾਜ ਦੀਆਂ ਕੁਝ ਕਿਸਮਾਂ ਹਨ ਜਿੱਥੇ ਸਾਨੂੰ ਬਹੁਤ ਸਾਵਧਾਨੀ ਨਾਲ ਅੱਗੇ ਵੱਧਣ ਦੀ ਲੋੜ ਹੈ, ਇਹ ਸੁਨਿਸ਼ਚਿਤ ਕਰਣ ਲਈ ਕਿ ਜੋਖਮ ਦਾ ਮੁਲਾਂਕਣ ਉਚਿਤ ਢੰਗ ਨਾਲ ਕੀਤਾ ਗਿਆ ਹੈ, ਅਤੇ ਜਿਵੇਂ ਅਤੇ ਜਦੋਂ ਹਾਲਾਤ ਬਦਲਦੇ ਹਨ ਫਿਰ ਤੋਂ ਮੁਲਾਂਕਣ ਕੀਤੇ ਜਾਣ ਦੀ ਜ਼ਰੂਰਤ ਹੈ।

ਉੱਚ ਜੋਖਮ ਵਾਲੇ ਮਰੀਜ਼ਾਂ ਨੂੰ ਇਹ ਨਿਰਧਾਰਤ ਕਰਨ ਲਈ ਫੈਸਲਾ ਕਰਨ ਵਿੱਚ ਸਹਾਇਤਾ ਕਰਨ ਲਈ ਇੱਕ ਸਲਾਹਕਾਰ ਦੀ ਅਗਵਾਈ ਹੇਠ ਐਮਡੀਟੀ (MDT) ਵਿਅਕਤੀਗਤ ਜੋਖਮ ਮੁਲਾਂਕਣ ਦੀ ਸਲਾਹ ਦਿੱਤੀ ਜਾਂਦੀ ਹੈ ਕਿ ਕੀ ਮੁਲਾਕਾਤਾਂ ਦਾ ਸੁਰੱਖਿਅਤ ਢੰਗ ਨਾਲ ਸਮਰਥਨ ਕੀਤਾ ਜਾ ਸਕਦਾ ਹੈ ਜਾਂ ਨਹੀਂ। ਮਰੀਜ਼ਾਂ ਦੇ ਕੁਝ ਉਦਾਹਰਣ ਜਿਨ੍ਹਾਂ ਨੂੰ ਇਸ ਸਮੀਖਿਆ ਦੀ ਜ਼ਰੂਰਤ ਹੋਏਗੀ ਉਹ ਹੋਣਗੇ ਜਿਨ੍ਹਾਂ ਦਾ ਆਪਰੇਸ਼ਨ ਹੋ ਰਿਹਾ ਹੈ ਜਾਂ ਜੋ ਘੱਟ ਰੋਗ ਪ੍ਰਤੀਰੋਧੀ (ਲੋ ਇੰਮਯੁਨਿਟੀ) ਵਾਲੇ ਮਰੀਜ਼ ਹਨ।

ਜੇ ਇੱਕ ਮੁਲਾਕਾਤ ਸੰਭਵ ਨਹੀਂ ਹੈ, ਤਾਂ ਅਸੀਂ ਤੁਹਾਨੂੰ ਇੱਕ ਕਾਰਨ ਪ੍ਰਦਾਨ ਕਰਾਂਗੇ ਕਿ ਇਹ ਕਿਉਂ ਆਵਸ਼ੱਕ ਹੈ। ਜਿੱਥੇ ਸੰਭਵ ਹੈ ਅਸੀਂ ਇਸ ਨੂੰ ਸਮੀਖਿਆ ਦੇ ਅਧੀਨ ਰੱਖਾਂਗੇ ਅਤੇ ਹਾਲਾਤ ਬਦਲਣ 'ਤੇ ਇਸਦਾ ਮੁੜ-ਮੁਲਾਂਕਣ ਕਰਾਂਗੇ।

## ਜੇ ਮੁਲਾਕਾਤ 'ਤੇ ਪਾਬੰਦੀ ਲੱਗੀ ਹੋਈ ਹੈ, ਤਾਂ ਕੀ ਅਜਿਹੀਆਂ ਸਥਿਤੀਆਂ ਹਨ ਜਦੋਂ ਮੁਲਾਕਾਤ ਸੰਭਵ ਹੋ ਸਕਦੀ ਹੈ?

ਜੇ ਉਦਾਹਰਣ ਵਜੋਂ ਕੋਵਿਡ-19 ਦੇ ਫੈਲਣ ਜਾਂ ਕੌਮ ਵਿੱਚ ਤੇਜ਼ੀ ਨਾਲ ਪ੍ਰਸਾਰਣ ਵਿੱਚ ਵਾਧੇ ਕਾਰਨ ਕਿਸੇ ਖਾਸ ਵਾਰਡ ਜਾਂ ਖੇਤਰ ਵਿੱਚ ਜਾਣ ‘ਤੇ ਪਾਬੰਦੀ ਲਗਾਉਣ ਦੀ ਲੋੜ ਹੈ, ਤਾਂ **ਜ਼ਰੂਰੀ ਮੁਲਾਕਾਤਾਂ ਜਾਰੀ ਰਹਿਣਗੀਆਂ।**

ਉਹਨਾਂ ਸਥਿਤੀਆਂ ਦੀਆਂ ਕਿਸਮਾਂ ਦੇ ਉਦਾਹਰਣ ਜਿੱਥੇ "ਜ਼ਰੂਰੀ ਮੁਲਾਕਾਤ" ਸੰਭਵ ਹੈ ਹੇਠਾਂ ਅਨੁਸਾਰ ਹਨ:

- ਬੱਚਾ ਪੈਦਾ ਹੋਣ ਵੇਲੇ ਦਾ ਇੱਕ ਸਾਥੀ (ਬਰਥ ਪਾਰਟਨਰ) ਜੋ ਹਸਪਤਾਲ ਦੇ ਦੌਰਿਆਂ ਦੌਰਾਨ ਔਰਤ ਦਾ ਸਾਥ ਦਿੰਦਾ ਹੈ
- ਜੀਵਨ ਦੇ ਅੰਤਮ ਪੜਾਅ ਦੀ ਦੇਖਭਾਲ ਪ੍ਰਾਪਤ ਕਰਨ ਰਿਹਾ ਵਿਅਕਤੀ - ਅਸੀਂ ਆਸ ਕਰਦੇ ਹਾਂ ਕਿ ਜੀਵਨ ਦੇ ਅੰਤਮ ਪੜਾਅ ਵਾਲੇ ਮਰੀਜ਼ਾਂ ਨੂੰ ਉਨ੍ਹਾਂ ਦੇ ਅਖੀਰਲੇ ਦਿਨਾਂ, ਹਫਤਿਆਂ ਜਾਂ ਮਹੀਨਿਆਂ ਵਿੱਚ ਆਪਣੇ ਅਜ਼ੀਜ਼ਾਂ ਨਾਲ ਸਾਰਥਕ ਸਮਾਂ ਬਿਤਾਉਣ ਵਿੱਚ ਸਹਾਇਤਾ ਲਈ, ਇਸ ਨੂੰ ਜਿਨ੍ਹਾਂ ਸੰਭਵ ਹੋ ਸਕਦਾ ਹੈ ਲਚਕਦਾਰ ਅਤੇ ਦਇਆਵਾਨ ਢੰਗ ਨਾਲ ਪਰਿਭਾਸ਼ਿਤ ਕੀਤਾ ਜਾਏ
- ਮਾਨਸਿਕ ਸਿਹਤ ਮੁਸ਼ਕਲਾਂ, ਜਾਂ ਡਿਮੇਂਚਿਆ, ਜਾਂ ਸਿੱਖਣ ਦੀ ਅਯੋਗਤਾ ਜਾਂ ਔਟਿਜ਼ਮ ਵਾਲੇ ਕਿਸੇ ਵਿਅਕਤੀ ਨੂੰ ਸਹਾਰਾ ਦੇਣ ਲਈ, ਜਿੱਥੇ ਮੌਜੂਦ ਨਾ ਹੋਣਾ ਮਰੀਜ਼ ਦੇ ਪਰੇਸ਼ਾਨ ਹੋਣ ਦਾ ਕਾਰਨ ਬਣ ਸਕਦਾ ਹੈ।
- ਇੱਕ ਬੱਚੇ ਦਾ ਹਸਪਤਾਲ ਵਿੱਚ ਸਾਥ ਦੇਣ ਲਈ।

## ਉਦੋਂ ਕੀ ਜੇ ਮੈਂ ਜਾਂ ਕੋਈ ਹੋਰ ਪਰਿਵਾਰ ਅਤੇ ਦੋਸਤ ਮੁਲਾਕਾਤ ਕਰਨ ਨਹੀਂ ਜਾ ਸਕਦੇ?

ਜੇ ਤੁਸੀਂ ਵਿਅਕਤੀਗਤ ਤੌਰ 'ਤੇ ਨਹੀਂ ਜਾ ਸਕਦੇ, ਤਾਂ ਕਿਰਪਾ ਕਰਕੇ ਸੰਪਰਕ ਵਿੱਚ ਰਹਿਣ ਲਈ ਤਕਨਾਲੋਜੀ ਜਿਵੇਂ ਕਿ ਸੋਸ਼ਲ ਮੀਡੀਆ ਅਤੇ ਫੋਨ ਕਾਲਾਂ ਦੀ ਵਰਤੋਂ ਕਰੋ। ਜੇ ਤੁਸੀਂ ਸਾਡੇ ਕਿਸੇ ਹਸਪਤਾਲ ਵਿੱਚ ਕਿਸੇ ਮਿੱਤਰ ਜਾਂ ਪਰਿਵਾਰ ਦੇ ਸਦੱਸ ਨਾਲ 'ਵਰਚੁਅਲ ਮੁਲਾਕਾਤ' (ਵੀਡੀਓ ਕਾਲ) ਕਰਨ ਦਾ ਪ੍ਰਬੰਧ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਵਾਰਡ ਨਾਲ ਸਿੱਧਾ ਸੰਪਰਕ ਕਰੋ ਜਾਂ ਵਿਅਕਤੀ ਕੇਂਦਰਿਤ ਵਰਚੁਅਲ ਮੁਲਾਕਾਤ ਸੇਵਾ 'ਤੇ ਉਪਲਬਧ ਫਾਰਮ ਦੀ ਵਰਤੋਂ ਕਰੋ ਅਤੇ ਅਸੀਂ ਵਾਰਡ ਨਾਲ ਕਾਲ ਕਰਨ ਦੇ ਪ੍ਰਬੰਧ ਦਾ ਇੰਤਜ਼ਾਮ ਕਰਾਂਗੇ।

ਸਾਰੇ ਵਾਰਡਾਂ ਵਿੱਚ ਵਿਸ਼ੇਸ਼ ਤੌਰ 'ਤੇ 'ਵਰਚੁਅਲ ਮੁਲਾਕਾਤਾਂ' (ਵੀਡੀਓ ਕਾਲ) ਨੂੰ ਸਮਰੱਥ ਕਰਨ ਲਈ ਆਈਪੈਡ ਸਥਾਪਿਤ ਕੀਤੇ ਗਏ ਹਨ ਤਾਂ ਜੋ ਮਰੀਜ਼ ਫੇਸਟਾਈਮ, ਸਕਾਈਪ, ਜ਼ੂਮ ਜਾਂ NHS ਨੀਅਰ ਮੀ ਦੀ ਵਰਤੋਂ ਕਰਕੇ ਉਨ੍ਹਾਂ ਲੋਕਾਂ ਨੂੰ ਦੇਖ ਅਤੇ ਉਹਨਾਂ ਨਾਲ ਗੱਲ ਕਰ ਸਕਣ ਜੋ ਉਨ੍ਹਾਂ ਲਈ ਮਹੱਤਵ ਰੱਖਦੇ ਹਨ।

## ਮੁਲਾਕਾਤ ਲਈ ਜਾਣ ਤੋਂ ਪਹਿਲਾਂ ਮੈਨੂੰ ਕੀ ਕਰਨ ਦੀ ਜ਼ਰੂਰਤ ਹੈ?

ਸਾਰਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਲਈ, ਅਸੀਂ ਪੁਰਜ਼ੋਰ ਸਿਫਾਰਸ਼ ਕਰਦੇ ਹਾਂ ਕਿ ਸਾਰੇ ਵਿਜ਼ਟਰ ਮੁਲਾਕਾਤ ਲਈ ਆਉਣ ਤੋਂ ਪਹਿਲਾਂ **ਸਵੈਇੱਛਤ ਲੈਟਰਲ ਫਲੋ ਟੈਸਟ** ਕਰਣ। ਫਿਰ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ **ਹਰ ਹਫ਼ਤੇ ਦੋ ਵਾਰ** ਟੈਸਟ ਕਰੋ ਜਿੰਨਾ ਚਿਰ ਤੁਸੀਂ ਹਸਪਤਾਲ ਵਿੱਚ ਕਿਸੇ ਨਾਲ ਮੁਲਾਕਾਤ ਕਰਨ ਲਈ ਆ ਰਹੇ ਹੋ।

ਇਹ ਵਿਕਲਪਿਕ ਹੈ - ਜੇ ਤੁਸੀਂ ਟੈਸਟ ਕਰਣ ਦੀ ਇੱਛਾ ਨਹੀਂ ਰੱਖਦੇ ਜਾਂ ਟੈਸਟ ਕਰਨ ਦੇ ਯੋਗ ਨਹੀਂ ਹੋ ਤਾਂ ਇਹ ਮੁਲਾਕਾਤ ਵਿੱਚ ਰੁਕਾਵਟ ਨਹੀਂ ਬਣੇਗਾ।

## ਮੈਂ ਇੱਕ ਸਵੈਇੱਛਤ ਲੈਟਰਲ ਫਲੋ ਟੈਸਟ ਦਾ ਪ੍ਰਬੰਧ ਕਿਵੇਂ ਕਰਾਂ?

ਸਵੈਇੱਛਤ ਲੈਟਰਲ ਫਲੋ ਟੈਸਟ ਆਰਡਰ ਕਰਨ ਬਾਰੇ ਜਾਣਕਾਰੀ ਸਕਾਟਿਸ਼ ਸਰਕਾਰ ਦੀ ਵੈਬਸਾਈਟ 'ਤੇ ਹੈ।

ਟੈਸਟ ਦੋਪਹਿਰ ਜਾਂ ਸ਼ਾਮ ਦੇ ਪਹਿਲੇ ਪਹਿਰ ਵਿੱਚ ਕੋਵਿਡ-19 ਟੈਸਟ ਸੇਂਟਰਾਂ ਤੋਂ ਵੀ ਇਕੱਤਰ ਕੀਤੇ ਜਾ ਸਕਦੇ ਹਨ।

ਤੁਸੀਂ ਐਨਐਚਐਸਜੀਜੀਸੀ (NHSGGC) ਦੀਆਂ ਸਾਰੀਆਂ **ਬਗੈਰ ਲੱਛਣਾਂ ਵਾਲੀਆਂ (ਏਸਿੰਪਟੋਮੈਟਿਕ) ਟੈਸਟ ਸਹੂਲਤਾਂ** ਵਿਖੇ ਵੀ ਇੱਕ ਟੈਸਟ ਬੁੱਕ/ਪ੍ਰਬੰਧ ਕਰ ਸਕਦੇ ਹੋ। ਇਹ ਸਹੂਲਤਾਂ ਕਿੱਥੇ ਹਨ ਬਾਰੇ ਇਸ ਪਰਚੇ ਦੇ ਅੰਤ ਵਿੱਚ ਇੱਕ ਸੂਚੀ ਹੈ। ਇਹਨਾਂ ਨੂੰ NHSGGC ਦੀ ਵੈਬਸਾਈਟ 'ਤੇ ਵੀ ਲੱਭਿਆ ਜਾ ਸਕਦਾ ਹੈ।

## ਜਦੋਂ ਮੈਂ ਮੁਲਾਕਾਤ ਲਈ ਜਾਂਦਾ/ਦੀ ਹਾਂ ਤਾਂ ਮੈਨੂੰ ਕੀ ਕਰਨਾ ਲਾਜ਼ਮੀ ਹੈ?

ਤੁਹਾਡੀ ਸੁਰੱਖਿਆ ਅਤੇ ਮਰੀਜ਼ਾਂ ਅਤੇ ਸਟਾਫ਼ ਦੀ ਸੁਰੱਖਿਆ ਲਈ ਮਹੱਤਵਪੂਰਣ ਹੈ ਕਿ ਤੁਸੀਂ ਹੇਠਾਂ ਦਿੱਤੇ ਅਨੁਸਾਰ ਕਰਦੇ ਹੋ:

- ਹਰ ਸਮੇਂ ਚਿਹਰਾ ਕੱਜਣਾ/ਮਾਸਕ ਪਹਿਨਣਾ ਲਾਜ਼ਮੀ ਹੈ, ਜਦ ਤੱਕ ਕੋਈ ਕਾਰਨ ਨਾ ਹੋਵੇ ਕਿ ਤੁਸੀਂ ਇਹ ਨਹੀਂ ਕਰ ਸਕਦੇ।
- ਹਸਪਤਾਲ ਦੇ ਜਨਤਕ ਖੇਤਰਾਂ ਵਿੱਚ ਕੌਮੀ ਇਕੱਠਾਂ ਤੋਂ ਪਰਹੇਜ਼ ਕਰੋ। ਲਿਫ਼ਟ ਦੀਆਂ ਲਾਬੀਆਂ ਵਿੱਚ ਇਕੱਤਰ ਹੋਣ ਤੋਂ ਬਚਣ ਲਈ ਜੇ ਸੰਭਵ ਹੋਵੇ ਤਾਂ ਪੌੜੀਆਂ ਰਾਹੀਂ ਜਾਓ। ਹਸਪਤਾਲ ਦੇ ਦੂਜੇ ਖੇਤਰਾਂ ਵਿੱਚ ਤੁਹਾਡਾ ਤੁਰਨਾ-ਫਿਰਨਾ ਵਾਜਬੀ ਤੌਰ ਤੇ ਜਿੰਨਾ ਸੰਭਵ ਹੋ ਸਕੇ ਸੀਮਿਤ ਹੋਣਾ ਲਾਜ਼ਮੀ ਹੈ।
- ਵਾਰਡ ਜਾਂ ਵਿਭਾਗ ਵਿੱਚ ਵੜਣ ਤੋਂ ਪਹਿਲਾਂ ਅਤੇ ਨਿਕਲਣ ਤੋਂ ਬਾਅਦ ਅਤੇ ਜਦੋਂ ਤੁਸੀਂ ਕਿਸੇ ਵੀ ਚੀਜ਼ ਨੂੰ ਛੂਹੰਦੇ ਹੋ ਤਾਂ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰਕੇ ਆਪਣੇ ਹੱਥਾਂ ਨੂੰ ਸਾਫ਼ ਕਰੋ।
- ਹੋਰਨਾਂ ਕੋਲੋਂ ਦੋ ਮੀਟਰ ਦੀ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ।
- ਸੈਲਫ-ਆਈਸੋਲੇਟ - ਤੁਹਾਨੂੰ ਹਾਜ਼ਰ **ਨਹੀਂ ਹੋਣਾ ਚਾਹੀਦਾ** ਜੇ ਤੁਸੀਂ ਬਿਮਾਰ ਹੋ, ਜੇ ਤੁਸੀਂ ਕੋਵਿਡ-19 ਦੀ ਪੁਸ਼ਟੀ ਕੀਤੇ ਗਏ ਕਿਸੇ ਕੇਸ ਦੇ ਘਰੇਲੂ ਸੰਪਰਕ ਹੋ ਜਾਂ ਤੁਹਾਨੂੰ ਜਾਣਕਾਰੀ ਦਿੱਤੀ ਗਈ ਹੈ ਕਿ ਤੁਸੀਂ ਉਸਦੇ ਨੇੜਲੇ ਸੰਪਰਕ ਹੋ ਅਤੇ ਤੁਹਾਨੂੰ ਸੈਲਫ-ਆਈਸੋਲੇਟ ਕਰਨ ਦੀ ਸਲਾਹ ਦਿੱਤੀ ਗਈ ਹੈ ਜਾਂ ਕਿਸੇ ਹੋਰ ਕਾਰਨ ਕਰਕੇ ਸੈਲਫ-ਆਈਸੋਲੇਟ ਕਰਨਾ ਚਾਹੀਦਾ ਹੈ।

**ਸਾਹ ਦੀ ਸਫਾਈ** ਦਾ ਵੀ ਮਹੱਤਵਪੂਰਣ ਰਹਿਣਾ ਜਾਰੀ ਹੈ, ਨਿੱਛ ਮਾਰਨ, ਖੰਘਣ, ਨੱਕ ਪੂੰਝਣ ਜਾਂ ਨੱਕ ਵੱਗਣ ਵੇਲੇ ਨੱਕ ਅਤੇ ਮੂੰਹ ਨੂੰ ਸੁੱਟ ਦੇਣ ਯੋਗ ਟਿਸ਼ੂ ਨਾਲ ਕੱਜਣਾ। ਇਨ੍ਹਾਂ ਨੂੰ ਤੁਰੰਤ ਕੂੜੇਦਾਨ ਵਿੱਚ ਸੁੱਟਿਆ ਜਾਣਾ ਚਾਹੀਦਾ ਹੈ ਅਤੇ ਤੁਰੰਤ ਬਾਅਦ ਹੱਥ ਧੋਤੇ ਜਾਣੇ ਚਾਹੀਦੇ ਹਨ।

## ਕੀ ਮੈਨੂੰ ਮੁਲਾਕਾਤ ਦੌਰਾਨ ਕੋਈ ਵੀ ਨਿੱਜੀ ਸੁਰੱਖਿਆ ਉਪਕਰਣ (ਪੀਪੀਈ) ਵਰਤਣ ਦੀ ਜ਼ਰੂਰਤ ਹੋਏਗੀ?

ਅਜਿਹੀਆਂ ਸਥਿਤੀਆਂ ਹੋ ਸਕਦੀਆਂ ਹਨ ਜਿੱਥੇ ਸਟਾਫ਼ ਨੂੰ ਤੁਹਾਨੂੰ **ਪੀਪੀਈ** ਵਰਤਣ ਲਈ ਕਹਿਣ ਦੀ ਜ਼ਰੂਰਤ ਹੋਏਗੀ **- ਜਿਵੇਂ ਕਿ ਫੇਸ ਮਾਸਕ, ਏਪ੍ਰਨ, ਦਸਤਾਨੇ ਆਦਿ।** ਜੇ ਇਸ ਦੀ ਲੋੜ ਹੁੰਦੀ ਹੈ, ਤਾਂ ਸਟਾਫ਼ ਤੁਹਾਨੂੰ ਇਸਨੂੰ ਸਹੀ ਢੰਗ ਨਾਲ ਪਹਿਨਣ ਅਤੇ ਤੁਹਾਡੇ ਜਾਣ ਤੋਂ ਪਹਿਲਾਂ ਇਸਨੂੰ ਕੂੜੇਦਾਨ ਵਿੱਚ ਸੁੱਟਣ ਵਿੱਚ ਸਹਾਇਤਾ ਕਰੇਗਾ।

ਜੇ ਤੁਸੀਂ ਉਸ ਵਿਅਕਤੀ ਦੇ ਪਰਿਵਾਰਕ ਮੈਂਬਰ ਜਾਂ ਸੰਭਾਲਕਰਤਾ ਹੋ, ਜਿਸ ਨਾਲ ਮੁਲਾਕਾਤ ਕਰ ਰਹੇ ਹੋ ਜਾਂ ਤੁਸੀਂ ਉਨ੍ਹਾਂ ਦੀ ਦੇਖਭਾਲ ਦੇ ਪਹਿਲੂਆਂ ਦਾ ਸਮਰਥਨ ਕਰਨ ਵਿੱਚ ਸਹਾਇਤਾ ਕਰ ਰਹੇ ਹੋ ਜਿਵੇਂ ਕਿ ਖਾਣੇ ਦੇ ਸਮੇਂ ਪੌਸ਼ਟਿਕ ਚੀਜ਼ਾਂ ਦੇ ਸੇਵਨ ਜਾਂ ਹੋਰ ਨਿੱਜੀ ਦੇਖਭਾਲ ਵਿੱਚ ਸਹਾਇਤਾ, ਤਾਂ ਤੁਹਾਨੂੰ ਇਸ ਗਤੀਵਿਧੀ ਨੂੰ ਕਰਨ ਲਈ ਜ਼ਰੂਰੀ ਪੀਪੀਈ ਪ੍ਰਦਾਨ ਕੀਤੇ ਜਾਣਗੇ।

## ਕੀ ਮੈਂ ਮੁਲਾਕਾਤ ਦੌਰਾਨ ਆਪਣੇ ਰਿਸ਼ਤੇਦਾਰ ਜਾਂ ਦੋਸਤ ਨੂੰ ਛੂਹ ਸਕਾਂਗਾ/ਗੀ?

ਤਣਾਅ ਅਤੇ ਪਰੇਸ਼ਾਨ ਹੋਣ 'ਤੇ ਦਿਲਾਸਾ ਅਤੇ ਭਰੋਸਾ ਦਿਵਾਉਣ ਲਈ ਦਸਤਾਨੇ ਬਗੈਰ ਵਿਅਕਤੀ ਦੇ ਹੱਥ ਨੂੰ ਛੂਹਣ ਦੀ ਸਮਰੱਥਾ ਦੀ **ਆਗਿਆ ਮਰਜ਼ੀ ਨਾਲ ਦਿੱਤੀ ਜਾਂਦੀ ਹੈ। ਤੁਹਾਨੂੰ ਆਪਣੇ ਅਤੇ ਰੋਗੀ ਵਿਚਾਲੇ ਸੰਪਰਕ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥ ਦੀ ਸਫਾਈ ਦੇ ਸਖ਼ਤ ਉਪਾਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ।**

## ਜੇ ਮੈਂ ਯੋਗ ਹਾਂ ਤਾਂ ਕੀ ਮੈਂ ਆਪਣੇ ਰਿਸ਼ਤੇਦਾਰ ਜਾਂ ਦੋਸਤ ਨਾਲ ਸੈਰ ਕਰਨ ਲਈ ਵਾਰਡ ਤੋਂ ਬਾਹਰ ਜਾ ਸਕਦਾ/ਦੀ ਹਾਂ?

ਕਿਰਪਾ ਕਰਕੇ ਪਹਿਲਾਂ ਵਾਰਡ ਦੇ ਸਟਾਫ਼ ਨਾਲ ਚੈੱਕ ਕਰੋ। ਜਦੋਂ ਤੱਕ ਸਮਾਜਿਕ ਦੂਰੀਆਂ ਦੇ ਉਪਾਵਾਂ ਅਤੇ ਚਿਹਰੇ ਨੂੰ ਕੱਜਣ ਦੀ ਪਾਲਣਾ ਕੀਤੀ ਜਾਂਦੀ ਹੈ, ਹਸਪਤਾਲ ਦੇ ਮੁੱਖ ਕੌਮੀ ਖੇਤਰਾਂ ਜਾਂ ਹਸਪਤਾਲ ਦੇ ਮੈਦਾਨ ਤੱਕ ਸੈਰ ਕਰਨਾ ਸ਼ਾਇਦ ਸੰਭਵ ਹੋ ਸਕਦਾ ਹੈ।

## ਕੀ ਮੈਨੂੰ ਟੈਸਟ ਅਤੇ ਬਚਾਅ (ਟੈਸਟ ਅਤੇ ਪ੍ਰੋਟੈਕਟ) ਜਾਣਕਾਰੀ ਲਈ ਪੁੱਛਿਆ ਜਾਵੇਗਾ?

ਤੁਹਾਡੇ ਵਾਰਡ 'ਤੇ ਪਹੁੰਚਣ 'ਤੇ ਵਾਰਡ ਦਾ ਸਟਾਫ਼ ਤੁਹਾਨੂੰ ਤੁਹਾਡੇ ਸੰਪਰਕ ਵੇਰਵਿਆਂ ਸਮੇਤ ਇੱਕ ਫਾਰਮ ਭਰਨ ਲਈ ਕਹੇਗਾ। ਮੌਜੂਦਾ ਹਾਲਤਾਂ ਵਿੱਚ ਪੱਬਲਿਕ ਹੈਲਥ, **ਟੈਸਟ ਅਤੇ ਬਚਾਅ** ਸਾਥੀਆਂ ਦੀ ਸਹਾਇਤਾ ਕਰਨ ਲਈ ਜੇ ਤੁਹਾਡੇ ਨਾਲ ਸੰਪਰਕ ਕਰਨ ਦੀ ਜ਼ਰੂਰਤ ਪੈਂਦੀ ਹੈ, ਇਹ ਆਮ ਗੱਲ ਹੈ। ਤੁਹਾਡੀ ਸੰਪਰਕ ਜਾਣਕਾਰੀ ਸਿਰਫ਼ ਲੱਭਣ ਅਤੇ ਬਚਾਅ ਕਰਨ ਦੇ ਉਦੇਸ਼ਾਂ ਲਈ ਵਰਤੀ ਜਾਏਗੀ ਅਤੇ ਇੱਕ ਵਾਰ ਜਦੋਂ ਜਾਣਕਾਰੀ ਦੀ ਜ਼ਰੂਰਤ ਨਹੀਂ ਹੋਏਗੀ ਤਾਂ ਇਸਨੂੰ ਸੁਰੱਖਿਅਤ ਢੰਗ ਨਾਲ ਨਸ਼ਟ ਕਰ ਦਿੱਤਾ ਜਾਵੇਗਾ।

ਤੁਹਾਡੇ ਵਾਰਡ ਵਿਖੇ ਪਹੁੰਚਣ 'ਤੇ ਅਤੇ ਹਰ ਵਾਰ ਜਦੋਂ ਤੁਸੀਂ ਵਾਰਡ ਦਾ ਦੌਰਾ ਕਰੋਗੇ, ਇਹ ਸੁਨਿਸ਼ਚਿਤ ਕਰਨ ਲਈ ਕਿ ਤੁਹਾਡੇ ਲਈ ਮੁਲਾਕਾਤ ਲਈ ਆਉਣਾ ਸੁਰੱਖਿਅਤ ਹੈ, ਅਮਲਾ ਜਾਂਚ ਕਰੇਗਾ ਕਿ ਤੁਸੀਂ ਠੀਕ ਹੋ ਅਤੇ ਤੁਹਾਨੂੰ ਤੁਹਾਡੀ ਸਿਹਤ ਬਾਰੇ ਤੁਹਾਨੂੰ ਕੁਝ ਪ੍ਰਸ਼ਨ ਪੁੱਛੇ ਜਾਣਗੇ। ਉਹ ਤੁਹਾਨੂੰ ਹੇਠ ਦਿੱਤੇ ਪ੍ਰਸ਼ਨ ਪੁੱਛਣਗੇ:

- ਕੀ ਤੁਸੀਂ ਬਿਮਾਰ ਮਹਿਸੂਸ ਕਰ ਰਹੇ ਹੋ?
- ਕੀ ਤੁਹਾਨੂੰ ਨਵੀਂ/ਲਗਾਤਾਰ ਖੰਘ ਹੈ?
- ਕੀ ਪਿਛਲੇ 48 ਘੰਟਿਆਂ ਵਿੱਚ ਤੁਹਾਨੂੰ ਕੋਈ ਉਲਟੀ ਜਾਂ ਦਸਤ ਹੋਏ ਹਨ?
- ਕੀ ਤੁਸੀਂ ਆਪਣੇ ਤਾਪਮਾਨ ਵਿੱਚ ਤਬਦੀਲੀ ਦੇਖੀ ਹੈ?
- ਕੀ ਤੁਸੀਂ ਆਪਣੇ ਸਧਾਰਣ ਸੁਆਦ ਲੈਣ ਜਾਂ ਸੁੰਘਣ ਦੀ ਭਾਵਨਾ ਵਿੱਚ ਕੋਈ ਬਦਲਾਅ ਦੇਖਿਆ ਹੈ?
- ਕੀ ਤੁਸੀਂ ਸੈਲਫ-ਆਈਸੋਲੇਟ ਕਰ (ਆਪਣੇ ਆਪ ਨੂੰ ਅਲੱਗ ਰੱਖ) ਰਹੇ ਹੋ ਕਿਉਂਕਿ ਪਿਛਲੇ 14 ਦਿਨਾਂ ਵਿੱਚ, ਤੁਸੀਂ ਕਿਸੇ ਐਸੇ ਵਿਅਕਤੀ ਦੇ ਸੰਪਰਕ ਵਿੱਚ ਆਏ ਹੋ ਜਿਸਨੂੰ ਕੋਵਿਡ-19 ਹੋਣ ਦਾ ਸ਼ੰਕਾ ਹੈ, ਜਾਂ ਉਸਦਾ ਟੈਸਟ ਸਕਾਰਾਤਮਕ ਆਇਆ ਹੈ।

ਜੇ ਤੁਸੀਂ ਇਸ ਸੁਰੱਖਿਆ ਜਾਂਚ ਨੂੰ ਪਾਸ ਨਹੀਂ ਕਰਦੇ ਤਾਂ ਤੁਹਾਨੂੰ **ਮਿਲਣ ਦੀ ਆਗਿਆ ਨਹੀਂ ਦਿੱਤੀ ਜਾਏਗੀ।**

**ਇਹ ਜ਼ਰੂਰੀ ਹੈ ਕਿ ਤੁਸੀਂ ਮੁਲਾਕਾਤ ਲਈ ਨਾ ਆਓ ਜੇ ਤੁਹਾਨੂੰ ਲਗਾਤਾਰ ਖੰਘ, ਸੁਆਦ ਜਾਂ ਸੁੰਘਣ ਵਿੱਚ ਕਮੀ, ਫਲੂ ਵਰਗੇ ਲੱਛਣ ਜਾਂ ਬੁਖਾਰ ਹੈ।**

## ਸੁਰੱਖਿਆ ਦੇ ਹੋਰ ਕਿਹੜੇ ਹੋਰ ਉਪਾਅ ਥਾਂ-ਸਿਰ ਹਨ?

ਇਹ ਸੁਨਿਸ਼ਚਿਤ ਕਰਨ ਲਈ ਕਿ ਪ੍ਰਵੇਸ਼ ਕੇਵਲ ਮੁਲਾਕਾਤ ਲਈ ਆਉਣ ਵਾਲੇ ਉਹਨਾਂ ਲੋਕਾਂ ਤੱਕ ਸੀਮਿਤ ਹੈ ਜਨ੍ਹਾਂ ਨੂੰ ਮੰਜ਼ੂਰੀ ਦਿੱਤੀ ਗਈ ਹੈ ਅਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਸਾਡੀ ਸਹਾਇਤਾ ਕਰਨ ਲਈ, ਸਾਡੇ ਸਾਰੇ ਹਸਪਤਾਲਾਂ ਵਿੱਚ ਸੁਰੱਖਿਆ ਪ੍ਰਬੰਧ ਲਗਾਏ ਗਏ ਹਨ। ਜਦੋਂ ਤੁਸੀਂ ਕਿਸੇ ਹਸਪਤਾਲ ਵਿਖੇ ਪਹੁੰਚਦੇ ਹੋ, ਤਾਂ ਕਿਰਪਾ ਕਰਕੇ ਸੁਰੱਖਿਆ ਅਮਲੇ ਨੂੰ ਦੱਸੋ ਕਿ ਤੁਸੀਂ ਉੱਥੇ ਕਿਸੇ ਨੂੰ ਮਿਲਣ ਆਏ ਹੋ, ਅਤੇ ਤੁਹਾਡੀ ਮੁਲਾਕਾਤ ਦਾ ਪ੍ਰਬੰਧ ਵਾਰਡ ਨਾਲ ਪਹਿਲਾਂ ਤੋਂ ਕੀਤਾ ਗਿਆ ਹੈ।

## ਕੀ ਮੈਂ ਹਸਪਤਾਲ ਵਿੱਚ ਸਹੂਲਤਾਂ ਦੀ ਵਰਤੋਂ ਕਰਨ ਦੇ ਯੋਗ ਹੋਵਾਂਗਾ/ਗੀ?

ਸਾਡੇ ਹਸਪਤਾਲ ਦੀਆਂ ਸਾਰੀਆਂ ਸਾਈਟਾਂ ਉੱਤੇ ਦੁਕਾਨਾਂ ਅਤੇ ਹਸਪਤਾਲ ਦੀਆਂ ਖਾਣ-ਪੀਣ ਦੀਆਂ ਸਹੂਲਤਾਂ ਖੁੱਲੀਆਂ ਹਨ। ਜੇ ਇਨ੍ਹਾਂ ਵਿੱਚੋਂ ਕਿਸੇ ਵੀ ਸਹੂਲਤ ਦੀ ਵਰਤੋਂ ਕਰ ਰਹੇ ਹੋ, ਤਾਂ ਤੁਹਾਨੂੰ ਲਾਜ਼ਮੀ ਚਾਹੀਦਾ ਹੈ ਕਿ ਤੁਸੀਂ ਸੁਰੱਖਿਆ ਦੇ ਸਾਰੇ ਲੋੜੀਂਦੇ ਉਪਾਅ ਕਰੋ – ਆਪਣੇ ਚਿਹਰੇ ਦੇ ਮਾਸਕ ਪਾਓ, 2 ਮੀਟਰ ਦੀ ਸਮਾਜਕ ਦੂਰੀ ਬਣਾਈ ਰੱਖੋ, ਸਹੂਲਤ ਵਿੱਚ ਦਾਖਲ ਹੋਣ ਵੇਲੇ ਅਤੇ ਬਾਹਰ ਜਾਣ ਵੇਲੇ ਹੈਂਡ ਸਨੀਟਾਈਜ਼ਰ ਦੀ ਵਰਤੋਂ ਕਰੋ ਆਦਿ।

ਜਿੱਥੇ ਸੰਭਵ ਹੈ ਤੁਹਾਨੂੰ ਜਨਤਾ ਦੇ ਸਦੱਸਿਆਂ ਲਈ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਟਾਇਲਟ ਸਹੂਲਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਤਰਜੀਹ ਦਿੱਤੀ ਜਾਂਦੀ ਹੈ ਕਿ ਤੁਸੀਂ ਮਰੀਜ਼ ਅਤੇ ਸਟਾਫ਼ ਟਾਇਲਟਾਂ ਦੀ ਵਰਤੋਂ ਨਾ ਕਰੋ, ਜਦ ਤੱਕ ਕੋਈ ਹੋਰ ਵਿਕਲਪ ਉਪਲਬਧ ਹੋਵੇ।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਮੁਲਾਕਾਤਾਂ ਦੇ ਨਵੇਂ ਪ੍ਰਬੰਧਾਂ ਬਾਰੇ ਹੋਰ ਜਾਣਕਾਰੀ ਐਨਐਚਐਸਜੀਜੀਸੀ (NHSGGC) ਦੀ ਵੈਬਸਾਈਟ 'ਤੇ ਉਪਲਬਧ ਹੈ।

**ਤੁਹਾਡੇ ਸਹਿਯੋਗ ਲਈ ਤੁਹਾਡਾ ਬਹੁਤ ਧੰਨਵਾਦ। ਅਸੀਂ ਮਰੀਜ਼ਾਂ ਦੇ ਸਮਰਥਨ ਲਈ ਹਸਪਤਾਲਾਂ ਵਿੱਚ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਦੇ ਵਾਪਸ ਆਉਣ ਦਾ ਸੁਆਗਤ ਕਰਨ ਦੀ ਉਡੀਕ ਕਰ ਰਹੇ ਹਾਂ।**